ਪੰਜਾਬ ਵਿਧਾਨ ਸਭਾ ਸਕੱਤਰੇਤ

ਸੋਮਵਾਰ, ਮਿਤੀ 24 ਫਰਵਰੀ, 2020 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਬਿਨ੍ਹਾਂ ਨਿਸ਼ਾਨ ਵਾਲੇ ਪ੍ਰਸ਼ਨ।

**S.C. ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਵਜ਼ੀਫੇ ਦੀ ਲੰਬਿਤ ਪਈ ਰਾਸ਼ੀ ਦੀ ਸਥਿਤੀ**

**319. ਡਾ. ਰਾਜ ਕੁਮਾਰ ਚੱਬੇਵਾਲ, ਐਮ.ਐਲ.ਏ.:-** ਕੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੇਂਦਰ ਸਰਕਾਰ ਵੱਲੋਂ ਐਸ.ਸੀ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਵਜ਼ੀਫੇ ਦੀ ਅੱਜ ਤੱਕ ਪ੍ਰਾਪਤ ਅਤੇ ਲੰਬਿਤ ਪਈ ਰਾਸ਼ੀ ਦੀ ਤਾਜਾ ਸਥਿਤੀ ਕੀ ਹੈ;

ਅ) ਵਜ਼ੀਫੇ ਦੀ ਰਾਸ਼ੀ ਦੀ ਵੰਡ ਦਾ ਭੁਗਤਾਨ ਨਾ ਹੋਣ ਕਰਕੇ ਪ੍ਰਭਾਵਿਤ ਵਿਦਿਆਰਥੀਆਂ ਦੀ ਮਦਦ ਲਈ ਰਾਜ ਦੁਆਰਾ ਕੀ ਕਦਮ ਚੁੱਕੇ ਗਏ ਹਨ; ਜੇਕਰ ਕੇਂਦਰ ਅਜਿਹਾ ਕਰਨ ਤੋਂ ਅਸਮੱਰਥ ਹੋਵੇ?

**S.C. ਭਲਾਈ ਲਈ ਨਿਰਧਾਰਿਤ ਫੰਡਾਂ ਨੂੰ ਉਸੇ ਮੰਤਵ ਲਈ ਖਰਚਣਾ**

**320. ਡਾ. ਰਾਜ ਕੁਮਾਰ ਚੱਬੇਵਾਲ, ਐਮ.ਐਲ.ਏ.:-** ਕੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਐਸ.ਸੀ. ਭਲਾਈ ਲਈ ਨਿਰਧਾਰਿਤ ਫੰਡਾਂ ਨੂੰ ਉਸੇ ਮੰਤਵ ਲਈ ਖਰਚ ਨੂੰ ਯਕੀਨੀ ਬਣਾਉਣ ਲਈ ਐਸ ਸੀ ਉਪ ਯੋਜਨਾ ਐਕਟ ਨੂੰ ਸ਼ੁਰੂ ਕਰਨ ਦੀ ਸਰਕਾਰ ਦੀ ਕੋਈ ਯੋਜਨਾ ਹੈ?

**ਘੱਟ ਜਮੀਨ ਵਾਲੇ ਕਿਸਾਨਾਂ ਦੇ ਕਰਜੇ ਮਾਫ ਕਰਨਾ**

**321. ਡਾ. ਰਾਜ ਕੁਮਾਰ ਚੱਬੇਵਾਲ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ 5 ਏਕੜ ਤੋਂ ਘੱਟ ਜ਼ਮੀਨ ਵਾਲੇ ਜਿਹਨਾਂ ਕਿਸਾਨਾਂ ਦੇ ਕਰਜੇ ਵੱਖ-ਵੱਖ ਕਾਰਨਾਂ ਕਰਕੇ ਮੁਆਫ ਹੋਣ ਤੋਂ ਰਹਿ ਗਏ ਹਨ, ਨੂੰ ਮੁਆਫ ਕਰਨ ਦੀ ਸਰਕਾਰ ਦੀ ਕੋਈ ਯੋਜਨਾ ਹੈ;

ਅ) ਕੀ ਗੈਰ ਖੇਤੀਬਾੜੀ ਖੇਤ ਮਜਦੂਰਾਂ ਦਾ ਕਰਜਾ ਮੁਆਫ ਕਰਨ ਦੀ ਵੀ ਕੋਈ ਯੋਜਨਾ ਹੈ?

**ਕੰਡੀ ਵਿਕਾਸ ਬੋਰਡ ਦੇ ਪ੍ਰਾਜੈਕਟ**

**322. ਡਾ. ਰਾਜ ਕੁਮਾਰ ਚੱਬੇਵਾਲ, ਐਮ.ਐਲ.ਏ.:-** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਕੰਢੀ ਵਿਕਾਸ ਬੋਰਡ ਹੁਣ ਪੂਰੀ ਤਰ੍ਹਾਂ ਕਾਰਜਸ਼ੀਲ ਹੈ;

ਅ) ਕੰਢੀ ਵਿਕਾਸ ਬੋਰਡ ਨੂੰ ਕਿੰਨੇ ਫੰਡ ਜਾਰੀ ਕੀਤੇ ਗਏ ਹਨ ਅਤੇ ਕਿਹੜੇ ਪ੍ਰਾਜੈਕਟ ਕੰਢੀ ਵਿਕਾਸ ਬੋਰਡ ਦੇ ਵਿਚਾਰ ਅਧੀਨ ਹਨ?

**ਜਿਲ੍ਹਾਂ ਬਰਨਾਲਾ ਵਿਖੇ ਪਖਾਨੇ ਬਣਾਉਣਾ**

**326. ਸਰਦਾਰ ਪਿਰਮਲ ਸਿੰਘ ਧੌਲਾ, ਐਮ.ਐਲ.ਏ.:-** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜਿਲ੍ਹਾ ਬਰਨਾਲਾ ਵਿਚ ਕਿੰਨੇ ਘਰਾਂ ਵਿਚ 31-01-2020 ਤੱਕ ਪਖਾਨੇ ਬਣਾਏ ਗਏ ਹਨ ਅਤੇ ਕਿੰਨੇ ਘਰਾਂ ਵਿਚ ਪਖਾਨੇ ਬਣਨੇ ਰਹਿੰਦੇ ਹਨ ਅਤੇ ਰਹਿੰਦੇ ਪਖਾਨੇ ਕਦੋਂ ਤੱਕ ਬਣਾਏ ਜਾਣ ਦੀ ਸੰਭਾਵਨਾ ਹੈ?

**ਹਲਕਾ ਮਹਿਲ ਕਲਾਂ ਲਈ ਫਾਇਰ ਬ੍ਰਿਗੇਡ ਦਾ ਪ੍ਰਬੰਧ**

**327. ਸਰਦਾਰ ਕੁਲਵੰਤ ਸਿੰਘ ਪੰਡੋਰੀ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਮਹਿਲ ਕਲਾਂ ਹਲਕੇ ਲਈ ਕੋਈ ਵੀ ਫਾਇਰ ਬ੍ਰਿਗੇਡ ਨਹੀਂ ਹੈ; ਜੇਕਰ ਅਜਿਹਾ ਹੋਵੇ ਤਾਂ ਹਲਕਾ ਮਹਿਲ ਕਲਾਂ ਲਈ ਫਾਇਰ ਬ੍ਰਿਗੇਡ ਕਦੋਂ ਤੱਕ ਮੁਹੱਈਆ ਕਰਵਾ ਦਿੱਤੀ ਜਾਵੇਗੀ

**ਆਤਮ ਹੱਤਿਆ ਕਰਨ ਵਾਲੇ ਕਿਸਾਨਾਂ/ਮਜਦੂਰਾਂ ਦੇ ਵਾਰਸਾਂ ਨੂੰ ਮੁਆਵਜਾ ਦੇਣਾ**

**328. ਸਰਦਾਰ ਕੁਲਵੰਤ ਸਿੰਘ ਪੰਡੋਰੀ, ਐਮ.ਐਲ.ਏ.:-** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਬਰਨਾਲਾ ਜਿਲ੍ਹੇ ਅਧੀਨ ਪੈਂਦੇ ਕਿਸਾਨ ਅਤੇ ਮਜਦੂਰ ਪਰਿਵਾਰਾਂ ਦੇ ਮੁਖੀਆਂ ਵੱਲੋਂ ਆਤਮ ਹੱਤਿਆ ਕਰਨ ਤੋਂ ਬਾਅਦ ਉਹਨਾਂ ਦੇ ਵਾਰਸਾਂ ਨੂੰ ਅਪ੍ਰੈਲ 2017 ਤੋਂ ਜਨਵਰੀ 2020 ਤੱਕ ਕੋਈ ਮੁਆਵਜਾ ਦਿੱਤਾ ਗਿਆ ਹੈ;

ਅ) ਜੇਕਰ ਭਾਗ (ੳ) ਦਾ ਉੱਤਰ ਹਾਂ ਵਿੱਚ ਹੈ ਤਾਂ ਕਿੰਨੇ ਪਰਿਵਾਰਾਂ ਨੂੰ ਮੁਆਵਜਾ ਦਿੱਤਾ ਗਿਆ ਹੈ?

**ਲੋਕ ਨਿਰਮਾਣ ਵਿਭਾਗ ਵਲੋਂ ਸੜਕਾਂ ਬਣਾਉਣ ਉਪਰੰਤ ਕਿਨਾਰਿਆਂ ਤੇ ਮਿੱਟੀ ਪਾਉਣਾ**

**329. ਸਰਦਾਰ ਕੁਲਵੰਤ ਸਿੰਘ ਪੰਡੋਰੀ, ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਲੋਕ ਨਿਰਮਾਣ ਵਿਭਾਗ ਵੱਲੋਂ ਸੜਕਾਂ ਬਣਾਉਣ ਉਪਰੰਤ ਸੜਕਾਂ ਦੀਆਂ ਸਾਈਡਾਂ ਤੇ ਮਿੱਟੀ ਨਹੀਂ ਪਾਈ ਜਾਂਦੀ ਜਿਸ ਕਾਰਨ ਸੜਕਾਂ ਦੇ ਕਿਨਾਰੇ ਖੁਰ ਜਾਂਦੇ ਹਨ; ਜੇਕਰ ਅਜਿਹਾ ਹੋਵੇ ਤਾਂ ਸੜਕਾਂ ਦੇ ਕਿਨਾਰਿਆਂ ਤੇ ਮਿੱਟੀ ਪਾਉਣ ਨੂੰ ਯਕੀਨੀ ਬਣਾਉਣ ਲਈ ਸਰਕਾਰ ਦੀ ਕੀ ਤਜਵੀਜ ਹੈ?

**ਰਾਜ ਵਿਚ ਫੜ੍ਹੇ ਗਏ ਨਸ਼ੀਲੇ ਪਦਾਰਥਾਂ ਸਬੰਧੀ**

**366. ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਵੱਲੋਂ ਰਾਜ ਵਿੱਚੋਂ ਸਾਲ 2018-19 ਵਿੱਚ ਕੁੱਲ ਕਿੰਨੇ ਨਸ਼ੀਲੇ ਪਦਾਰਥ ਫੜ੍ਹੇ ਗਏ ਹਨ, ਇਹ ਨਸ਼ੇ ਕਿਹੜੀ- ਕਿਹੜੀ ਕਿਸਮ ਦੇ ਸਨ ਅਤੇ ਇਹਨਾਂ ਦੀ ਕੁੱਲ ਕਿੰਨੀ quantity ਬਣਦੀ ਹੈ; ਵੇਰਵੇ ਸਹਿਤ ਦੱਸਿਆ ਜਾਵੇ?

ਪਾਵਰਕਾਮ ਵਿਚ ਮ੍ਰਿਤਕਾਂ ਦੇ ਵਾਰਿਸਾਂ ਨੂੰ ਦਿੱਤੀਆਂ ਨੌਕਰੀਆਂ ਦੇ ਵੇਰਵੇ

336. ਸਰਦਾਰ ਪਿਰਮਲ ਸਿੰਘ ਧੌਲਾ, ਐਮ.ਐਲ.ਏ.: – ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਪਾਵਰਕਾਮ (ਪੰਜਾਬ ਰਾਜ ਬਿਜਲੀ ਬੋਰਡ) ਅੰਦਰ 1 ਮਾਰਚ 2004 ਤੋਂ 31 ਜਨਵਰੀ 2020 ਤੱਕ ਕੁੱਲ ਕਿੰਨੇ ਮ੍ਰਿਤਕਾਂ ਦੇ ਵਾਰਿਸਾਂ ਨੂੰ ਨੌਕਰੀਆਂ ਦਿੱਤੀਆਂ ਗਈਆਂ ਹਨ;

ਅ) ਨੌਕਰੀ ਤੋਂ ਵਾਂਝੇ ਰਹਿੰਦੇ ਮ੍ਰਿਤਕਾਂ ਦੇ ਆਸ਼ਰਿਤਾਂ ਨੂੰ ਕਦੋਂ ਤੱਕ ਨੌਕਰੀ ਦੇ ਦਿੱਤੀ ਜਾਵੇਗੀ?

ਖਾਦੀ ਬੋਰਡ ਵਲੋਂ ਰੁਜਗਾਰ ਲਈ ਦਿੱਤੇ ਲੋਨ ਦਾ ਵੇਰਵਾ

337. ਸਰਦਾਰ ਪਿਰਮਲ ਸਿੰਘ ਧੌਲਾ, ਐਮ.ਐਲ.ਏ.:- ਕੀ ਉਦਯੋਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) 1 ਮਾਰਚ 2015 ਤੋਂ 31 ਜਨਵਰੀ 2020 ਤੱਕ ਖਾਦੀ ਬੋਰਡ ਵੱਲੋਂ ਰੁਜ਼ਗਾਰ ਲਈ ਕਿੰਨੇ ਵਿਅਕਤੀਆਂ ਨੂੰ ਲੋਨ ਪਾਸ ਕੀਤੇ ਗਏ ਹਨ;

ਅ) ਪਾਸ ਕੀਤੇ ਗਏ ਲੋਨਜ਼ ਵਿੱਚੋਂ ਕਿੰਨੇ ਕੇਸਾਂ ਦੀ ਅਦਾਇਗੀ ਬਾਕੀ ਰਹਿੰਦੀ ਹੈ ਅਤੇ ਅਦਾਇਗੀ ਨਾ ਕਰਨ ਦੇ ਕਾਰਨ ਕੀ ਹਨ?

**ਜਗਰਾਓਂ ਨਗਰ ਕੌਂਸਲ ਅਧੀਨ ਪੈਂਦੀਆਂ ਸੜਕਾਂ ਬਾਰੇ**

**346. ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਨਗਰ ਕੌਂਸਲ ਜਗਰਾਓਂ ਲਈ ਸਾਲ 2017-18, 2018-19 ਅਤੇ 2019-20 ਦੌਰਾਨ ਕਿੰਨੀ ਰਾਸ਼ੀ ਦਿੱਤੀ ਗਈ ਹੈ ਅਤੇ ਇਸ ਰਾਸ਼ੀ ਨਾਲ ਉਕਤ ਸਾਲਾਂ ਵਿੱਚ ਕਿਹੜੀਆਂ-ਕਿਹੜੀਆਂ ਸੜਕਾਂ ਅਤੇ ਕਿਹੜੇ-ਕਿਹੜੇ ਵਾਰਡਾਂ ਦੀਆਂ ਗਲੀਆਂ ਪੱਕੀਆਂ ਕੀਤੀਆਂ ਗਈਆਂ;

ਅ) ਨਗਰ ਕੌਂਸਲ ਅਧੀਨ ਪੈਂਦੀ ਸੜਕ ਝਾਂਸੀ ਰਾਣੀ ਚੌਕ ਤੋਂ ਮੇਨ ਰੋਡ ਸੜਕ ਚੌਕ ਤੱਕ ਅਤੇ ਸ਼ੇਰਪੁਰ ਚੌਕ ਫਾਟਕਾਂ ਤੱਕ ਸੜਕ ਕਦੋਂ ਬਣਾਈ ਗਈ ਤੇ ਇਸ ਤੋਂ ਕੁੱਲ ਲਾਗਤ ਕਿੰਨੀ ਸੀ?

ਪਰਤੋਂ ਜੀ...

**ਨਗਰ ਕੌਂਸਲ ਜਗਰਾਉਂ ਨੂੰ ਸੀਵਰੇਜ ਲਈ ਦਿੱਤੀ ਗ੍ਰਾਂਟ**

**347. ਸ੍ਰੀਮਤੀ ਸਰਵਜੀਤ ਕੋਰ ਮਾਣੂੰਕੇ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਨਗਰ ਕੌਂਸਲ ਜਗਰਾਉਂ ਨੂੰ ਸੀਵਰੇਜ ਲਈ ਸਾਲ 2017-18, 2018-19, 2019-2020 ਲਈ ਕੁੱਲ ਕਿੰਨੀ ਗ੍ਰਾਂਟ ਜਾਰੀ ਕੀਤੀ ਗਈ ਅਤੇ ਉਕਤ ਗ੍ਰਾਂਟ ਨਾਲ ਕੁੱਲ ਕਿੰਨਾ ਸੀਵਰੇਜ/ਸੀਵਰ ਪਾਇਆ ਗਿਆ;

ਅ) ਸ਼ਹਿਰ ਜਗਰਾਉਂ ਦੇ ਬਾਰਿਸ਼ ਦੇ ਪਾਣੀ ਦੀ ਨਿਕਾਸੀ ਲਈ 2017-18, 2018-19 ਅਤੇ 2019-2020 ਤੱਕ ਕੀ-ਕੀ ਪ੍ਰਬੰਧ ਕੀਤੇ ਗਏ ਹਨ ?

**ਹਲਕਾ ਜਗਰਾਉਂ ਦੇ ਸਕੂਲਾਂ ਵਿੱਚ ਅਧਿਆਪਕਾਂ ਦੀ ਘਾਟ ਪੂਰੀ ਕਰਨਾ**

**348. ਸ੍ਰੀਮਤੀ ਸਰਵਜੀਤ ਕੋਰ ਮਾਣੂੰਕੇ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਹਲਕਾ ਜਗਰਾਉਂ ਵਿੱਚ ਪਿਛਲੇ ਪੰਜ ਸਾਲਾਂ ਤੋਂ ਸਿੰਗਲ ਟੀਚਰ ਸਕੂਲ ਅਤੇ ਉਨ੍ਹਾ ਵਿੱਚ ਵਿਦਿਆਰਥੀਆਂ ਦੀ ਗਿਣਤੀ ਕਿੰਨੀ ਹੈ; ਇਹਨਾਂ ਸਕੂਲਾਂ ਵਿੱਚ ਅਧਿਆਪਕਾਂ ਦੀ ਘਾਟ ਕਦੋਂ ਤੱਕ ਪੂਰੀ ਕੀਤੀ ਜਾਵੇਗੀ;

ਅ) ਕੀ ਖੇਡਾਂ ਨੂੰ ਪ੍ਰਫੁਲਿਤ ਕਰਨ ਲਈ ਇਹਨਾਂ ਸਕੂਲਾਂ ਵਿੱਚ ਡੀ.ਪੀ./ਪੀ.ਟੀ. ਟੀਚਰਜ਼ ਹਨ?

**ਸਰਕਾਰੀ/ਪ੍ਰਾਈਵੇਟ ਮੈਡੀਕਲ ਕਾਲਜਾਂ ਵਿੱਚ ਮਨਜ਼ੂਰਸ਼ੁਦਾ ਅਸਾਮੀਆਂ ਦੀ ਗਿਣਤੀ**

**364. ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:-** ਕੀ ਡਾਕਟਰੀ ਸਿੱਖਿਆ ਅਤੇ ਖੋਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਰਾਜ ਦੇ ਵੱਖ-2 ਸਰਕਾਰੀ ਅਤੇ ਪ੍ਰਾਈਵੇਟ ਮੈਡੀਕਲ ਕਾਲਜਾਂ ਵਿੱਚ ਪ੍ਰੋਫੈਸਰਾਂ ਅਤੇ ਐਸਿਸਟੈਂਟ ਪ੍ਰੋਫੈਸਰਾਂ ਦੀਆਂ ਕਿੰਨੀਆਂ-ਕਿੰਨੀਆਂ ਮਨਜ਼ੂਰਸ਼ੁਦਾ ਅਸਾਮੀਆਂ ਹਨ ਅਤੇ ਇਸ ਵੇਲੇ ਇਨ੍ਹਾਂ ਵਿੱਚੋਂ ਕਿੰਨੀਆਂ ਅਸਾਮੀਆਂ ਭਰੀਆਂ ਹੋਈਆਂ ਹਨ ਅਤੇ ਕਿੰਨੀਆਂ ਖਾਲੀ ਪਈਆਂ ਹਨ, ਖਾਲੀ ਪਈਆਂ ਅਸਾਮੀਆਂ ਨੂੰ ਕਦੋਂ ਤੱਕ ਭਰ ਦਿੱਤਾ ਜਾਵੇਗਾ;

ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਮੈਡੀਕਲ ਕਾਲਜਾਂ ਵਿੱਚ ਕਿੰਨੀਆਂ- ਕਿੰਨੀਆ ਪੋਸਟ ਗ੍ਰੈਜੂਏਟ ਦੀਆਂ ਸੀਟਾਂ ਉਪਲੱਬਧ ਹਨ ਅਤੇ ਇਨ੍ਹਾਂ ਵਿੱਚੋਂ ਕਿੰਨੀਆਂ ਸੀਟਾਂ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਰਾਖਵੀਆਂ ਹਨ;

ੲ) ਕੀ ਸਰਕਾਰ ਮੈਡੀਕਲ ਕਾਲਜਾਂ ਵਿੱਚ ਮੌਜੂਦਾ ਪੋਸਟ ਗ੍ਰੈਜੂਏਟ ਦੀਆਂ ਸੀਟਾਂ ਵਿੱਚ ਵਾਧਾ ਕਰਨ ਦੀ ਕਿਸੇ ਤਜਵੀਜ਼ ਤੇ ਵਿਚਾਰ ਕਰ ਰਹੀ ਹੈ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ; ਵੇਰਵੇ ਸਹਿਤ ਦੱਸਿਆ ਜਾਵੇ?

**ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦੇ ਲਗਾਏ ਗਏ ਬੁੱਤਾਂ ਦਾ ਵੇਰਵਾ**

**365. ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਪੰਜਾਬ ਸਰਕਾਰ ਵੱਲੋਂ ਰਾਜ ਦੇ ਕਿੰਨੇ ਜ਼ਿਲ੍ਹਾ ਹੈੱਡ ਕੁਆਟਰਜ਼ ਤੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦੇ ਬੁੱਤ ਲਗਾਏ ਜਾ ਚੁੱਕੇ ਹਨ ਅਤੇ ਕਿੰਨੇ ਜ਼ਿਲ੍ਹਾਂ ਹੈੱਡ ਕੁਆਰਟਰਜ਼ ਤੇ ਅਜੇ ਬੁੱਤ ਲਗਾਉਂਣੇ ਬਾਕੀ ਰਹਿੰਦੇ ਹਨ, ਬਾਕੀ ਰਹਿੰਦੇ ਜ਼ਿਲ੍ਹਾ ਹੈੱਡ ਕੁਆਟਰਜ਼ ਤੇ ਬੁੱਤ ਕਦੋਂ ਤੱਕ ਲਗਾ ਦਿੱਤੇ ਜਾਣਗੇ;

ਅ) ਕੀ ਸਰਕਾਰ ਰਾਜ ਵਿੱਚ ਸਬ ਡਵੀਜ਼ਨ ਪੱਧਰ ਤੇ ਵੀ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦੇ ਬੁੱਤ ਲਗਾਉਂਣ ਬਾਰੇ ਕਿਸੇ ਤਜਵੀਜ਼ ਤੇ ਵਿਚਾਰ ਕਰ ਰਹੀ ਹੈ, ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ?

**ਹਲਕਾ ਸਰਦੂਲਗੜ੍ਹ ਵਿਚ ਮਨਰੇਗਾ ਦੇ ਕੰਮਾਂ ਸਬੰਧੀ**

**386. ਸਰਦਾਰ ਦਿਲਰਾਜ ਸਿੰਘ ਭੂੰਦੜ, ਐਮ.ਐਲ.ਏ.:-** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਸਰਦੂਲਗੜ੍ਹ (ਜ਼ਿਲ੍ਹਾ ਮਾਨਸਾ) ਵਿੱਚ ਮਨਰੇਗਾ ਸਕੀਮ ਅਧੀਨ ਹੋਏ ਵਿਕਾਸ ਦੇ ਕੰਮਾਂ ਲਈ:-

ੳ) ਬਲਾਕ ਸਰਦੂਲਗੜ੍ਹ ਵਿੱਚ ਇੰਟਰਲੋਕਿੰਗ ਟਾਇਲ ਦੀ ਖਰੀਦ ਕਿਸ-ਕਿਸ ਫ਼ਰਮ ਤੋਂ ਕੀਤੀ ਗਈ ਹੈ ਅਤੇ ਇਹਨਾਂ ਫਰਮਾਂ ਤੋਂ ਕਿੰਨੀ ਪੇਮੈਂਟ ਕਰ ਦਿੱਤੀ ਗਈ ਹੈ ਅਤੇ ਕਿੰਨੀ ਪੇਮੈਂਟ ਅਜੇ ਪੈਂਡਿੰਗ ਰਹਿੰਦੀ ਹੈ;

ਅ) ਕੀ ਇੰਟਰਲੋਕਿੰਗ ਟਾਇਲ ਦੀ ਖਰੀਦ ਲਈ ਵੱਖ-ਵੱਖ ਫਰਮਾਂ ਤੋਂ ਕੁਟੇਸ਼ਨਾਂ ਲਈਆਂ ਗਈਆਂ ਸਨ, ਜੇਕਰ ਕੁਟੇਸ਼ਨਾਂ ਲਈਆਂ ਗਈਆਂ ਸਨ ਤਾਂ ਉਹਨਾਂ ਫਰਮਾਂ ਦੇ ਨਾਂ ਅਤੇ ਉਹਨਾਂ ਵੱਲੋਂ quote ਕੀਤੇ ਗਏ ਰੇਟ ਕੀ-ਕੀ ਹਨ ;

ੲ) ਮਾਨਸਾ ਜ਼ਿਲ੍ਹੇ ਦੇ ਕਿਸ-ਕਿਸ ਬਲਾਕ ਵਿਚ ਪ੍ਰਤੀ ਇੰਟਰਲੋਕਿੰਗ ਟਾਇਲ ਦੇ ਹਿਸਾਬ ਨਾਲ ਵੱਧ ਜਾਂ ਘੱਟ ਰੇਟ ਤੇ ਪੇਮੈਂਟ ਹੋਈ ਹੈ ਅਤੇ ਫ਼ਰਕ ਦੇ ਕਾਰਣ ਕੀ ਹਨ;

ਸ) ਸਰਦੂਲਗੜ੍ਹ ਹਲਕੇ ਵਿੱਚ ਇੰਟਰਲੋਕਿੰਗ ਟਾਇਲ ਦੀ ਵਰਤੋਂ ਲਈ ਲੋੜੀਂਦਾ ਮਟੀਰੀਅਲ ਗਟਕਾ, ਰੇਤਾ ਆਦਿ ਦੀ ਕਿਸ ਅਧਾਰ ਤੇ ਪੇਮੈਂਟ ਹੋਈ ਹੈ;

ਹ) ਜ਼ਿਲ੍ਹਾ ਮਾਨਸਾ ਦੇ ਦੂਸਰੇ ਬਲਾਕਾਂ ਵਿੱਚ ਗਟਕਾ ਅਤੇ ਰੇਤਾ ਦੀ ਪੇਮੈਂਟ ਕਿੱਸ ਰੇਟ ਦੇ ਅਧਾਰ ਤੇ ਹੋਈ ਹੈ ਤੇ ਗਟਕਾ ਅਤੇ ਰੇਤ ਦੇ ਨਿਰਧਾਰਤ ਰੇਟ ਕੀ ਹਨ; ਅਤੇ ਕੀ ਹਲਕਾ ਸਰਦੂਲਗੜ੍ਹ ਵਿੱਚ ਜੋ ਪੇਮੈਂਟ ਕੀਤੀ ਗਈ ਜਾਂ ਬਕਾਇਆ ਹੈ ਉਸ ਦੇ ਰੇਟ ਸਹੀ ਸਨ; ਜੇਕਰ ਅਜਿਹਾ ਨਹੀਂ ਤਾਂ ਪ੍ਰਸ਼ਾਸ਼ਨ ਵੱਲੋਂ ਇੰਟਰਲੋਕਿੰਗ ਟਾਇਲ ਅਤੇ ਲੋੜੀਂਦੇ ਮਟੀਰੀਅਲ ਗਟਕਾ ਅਤੇ ਰੇਤਾ ਆਦਿ ਦੀ ਪੇਮੈਂਟ ਵੱਖ-ਵੱਖ ਬਲਾਕਾਂ ਵਿੱਚ ਵੱਖ-ਵੱਖ ਰੇਟਾ ਤੇ ਕਰਨ ਦੇ ਕੀ ਕਾਰਨ ਹਨ, ਵੇਰਵੇ ਸਹਿਤ ਦੱਸਿਆ ਜਾਵੇ?

**ਪਿੰਡ ਦੇ ਛੱਪੜ ਦੇ ਠੇਕੇ ਸਬੰਧੀ**

**387. ਸਰਦਾਰ ਦਿਲਰਾਜ ਸਿੰਘ ਭੂੰਦੜ, ਐਮ.ਐਲ.ਏ.:-** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਪਿੰਡ ਜਟਾਣਾ ਖੁਰਦ, ਬਲਾਕ ਸਰਦੂਲਗੜ੍ਹ (ਜ਼ਿਲ੍ਹਾ ਮਾਨਸਾ) ਦੇ ਛੱਪੜ ਨੂੰ ਮੱਛੀਆਂ ਪਾਲਣ ਵਾਸਤੇ ਪਿੰਡ ਦੀ ਗ੍ਰਾਮ ਪੰਚਾਇਤ ਵੱਲੋਂ ਖੁਲ੍ਹੀ ਬੋਲੀ ਰਾਹੀਂ ਸਾਲ, 2015 ਵਿੱਚ ਕਿਸ ਬੋਲੀਕਾਰ ਨੂੰ, ਕੁੱਲ ਕਿੰਨੀ ਰਕਮ ਵਿੱਚ, ਅਤੇ ਕਿੰਨੇ ਸਮੇਂ ਲਈ ਠੇਕੇ ਦੇ ਦਿੱਤਾ ਸੀ;

ਅ) ਕੀ ਇਹ ਠੀਕ ਹੈ ਕਿ ਉਪਰੋਕਤ ਭਾਗ(ੳ) ਵਿੱਚ ਵਰਣਿਤ ਛੱਪੜ ਦੇ ਪਹਿਲੇ ਠੇਕੇ ਨੂੰ ਗ੍ਰਾਮ ਪੰਚਾਇਤ ਵੱਲੋਂ ਰੱਦ ਕਰਕੇ ਦੁਬਾਰਾ ਖੁੱਲ੍ਹੀ ਬੋਲੀ ਰਾਹੀਂ ਸਾਲ, 2017 ਵਿਚ ਕਿਸੇ ਦੂਜੇ ਬੋਲੀਕਾਰ ਨੂੰ ਠੇਕਾ ਦਿੱਤਾ;ਜੇਕਰ ਅਜਿਹਾ ਹੋਵੇ ਤਾਂ ਕੁੱਲ ਕਿੰਨੀ ਰਕਮ ਵਿੱਚ ਅਤੇ ਕਿੰਨੇ ਸਮੇਂ ਲਈ ਠੇਕਾ ਦਿੱਤਾ ਗਿਆ;

ੲ) ਕੀ ਉਪਰੋਕਤ ਵਰਣਿਤ ਛੱਪੜ ਨੂੰ ਮੱਛੀਆਂ ਪਾਲਣ ਵਾਸਤੇ ਸਾਲ, 2015 ਦੇ ਮੁਕਾਬਲੇ ਸਾਲ, 2017 ਵਿੱਚ ਘੱਟ ਰੇਟ ਤੇ ਠੇਕੇ ਤੇ ਦਿੱਤਾ ਗਿਆ; ਜੇਕਰ ਘੱਟ ਰੇਟ ਤੇ ਦਿੱਤਾ ਗਿਆ ਤਾਂ ਅਜਿਹਾ ਕਰਨ ਦੇ ਕੀ ਕਾਰਨ ਹਨ; ਵੇਰਵੇ ਸਹਿਤ ਦੱਸਿਆ ਜਾਵੇ?

**ਜ਼ਿਲ੍ਹਾ ਰੂਪਨਗਰ ਵਿਚ ਟੂਰਿਜ਼ਮ ਨੂੰ ਵਧਾਉਣ ਲਈ ਉਪਰਾਲੇ ਕਰਨਾ**

**388. ਸਰਦਾਰ ਅਮਰਜੀਤ ਸਿੰਘ ਸੰਦੋਆ, ਐਮ.ਐਲ.ਏ.:-** ਕੀ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਉਹਨਾਂ ਵੱਲੋਂ ਜ਼ਿਲ੍ਹਾਂ ਰੂਪਨਗਰ ਵਿੱਚ ਟੂਰਿਜ਼ਮ ਨੂੰ ਵਧਾਉਣ ਲਈ ਉਪਰਾਲੇ ਕੀਤੇ ਜਾਣ ਦਾ ਵਾਅਦਾ ਕੀਤਾ ਗਿਆ ਸੀ; ਜੇਕਰ ਅਜਿਹਾ ਹੈ ਤਾਂ ਇਸ ਸਬੰਧੀ ਕੀ ਉਪਰਾਲੇ ਕੀਤੇ ਜਾ ਰਹੇ ਹਨ; ਵੇਰਵਾ ਦਿੱਤਾ ਜਾਵੇ?

**ਜ਼ਿਲ੍ਹਾ ਰੂਪਗਰ ਦੇ ਪੁਰਖਾਲੀ, ਬਰਦਾਰ ਤੋਂ ਹਿਮਾਚਲ ਪ੍ਰਦੇਸ਼ ਦੇ ਨਾਲਾਗੜ੍ਹ ਨੂੰ ਜੋੜਣ ਵਾਲੀ ਸੜਕ ਦਾ ਨਿਰਮਾਣ ਕਰਨਾ**

**389. ਸਰਦਾਰ ਅਮਰਜੀਤ ਸਿੰਘ ਸੰਦੋਆ, ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਾ ਰੂਪਨਗਰ ਦੇ ਪੁਰਖਾਲੀ, ਬਰਦਾਰ ਤੋਂ ਹਿਮਾਚਲ ਪ੍ਰਦੇਸ਼ ਦੇ ਨਾਲਾਗੜ੍ਹ ਨੂੰ ਜੋੜਣ ਵਾਲੀ ਸੜਕ ਦਾ ਨਿਰਮਾਣ ਹੋਣ ਵਾਲਾ ਹੈ;ਜੇਕਰ ਅਜਿਹਾ ਹੈ ਤਾਂ ਇਸ ਸੜਕ ਨੂੰ ਕਦੋਂ ਤੱਕ ਬਣਾਏ ਜਾਣ ਦੀ ਸੰਭਾਵਨਾ ਹੈ?

20/2/2020

ਸੁਪਰਡੈਂਟ
ਪੰਜਾਬ ਵਿਧਾਨ ਸਭਾ
ਚੰਡੀਗੜ੍ਹ

ਚੰਡੀਗੜ੍ਹ
ਮਿਤੀ 19 ਫਰਵਰੀ, 2020

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ,
ਪੰਜਾਬ ਵਿਧਾਨ ਸਭਾ।